## ਦਫਤਰ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਐਸ.ਏ.ਐਸ. ਨਗਰ ।

(ਅਮਲਾ-1 ਸਾਖਾ)

ਹੁਕਮ ਨੰ: -10/103-2014 ਅਮਲਾ 1(5)

ਮਿਤੀ, ਐਸ.ਏ.ਐਸ. ਨਗਰ :-28-10-2014

**<u>ਦੋਸ਼ ਸੂਚੀ</u>**

ਸ਼੍ਰੀ ਤਿਲਕ ਰਾਜ, ਲੈਕਚਰਾਰ ਅੰਗਰੇਜੀ, ਸ.ਸ.ਸ.ਸ. ਤਲਵਾੜਾ-1, ਜਿਲਾ ਹੁਸਿਆਰਪੁਰ ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦੇ ਵਿਰੁੱਧ ਪੰਜਾਬ ਸਿਵਲ ਸੇਵਾ (ਸਜਾ ਅਤੇ ਅਪੀਲ) ਨਿਯਮਾਵਲੀ, 1970 ਦੀ ਧਾਰਾ 8 ਅਧੀਨ, ਇਸ ਪੱਤਰ ਨਾਲ ਨੱਥੀ ਦੋਸ਼ ਵਿਵਰਣ ਵਿੱਚ ਦਰਸਾਏ ਦੋਸ਼ਾਂ ਸੰਬੰਧੀ ਕਾਰਵਾਈ ਕਰਨ ਦੀ ਤਜਵੀਜ ਹੈ ।

2. ਕਰਮਚਾਰੀ ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪ੍ਰਾਪਤੀ ਤੋਂ 21 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿੱਚ ਦੱਸੇ ਕਿ ਉਹ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਜਾਂ ਕਿਸੇ ਦੋਸ਼ ਨੂੰ ਮੰਨਦੀ ਹੈ ਜਾਂ ਇਸ ਬਾਰੇ ਕੋਈ ਜਵਾਬ ਪੇਸ਼ ਕਰਨਾ ਚਾਹੁੰਦੀ ਹੈ ।

3. ਉਸ ਨੂੰ ਇਸ ਪੱਤਰ ਰਾਹੀਂ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਲਿਖਤੀ ਜਵਾਬ ਤਿਆਰ ਕਰਨ ਲਈ ਕੋਈ ਰਿਕਾਰਡ ਵੇਖਣਾ ਚਾਹੇ ਤਾਂ ਉਹ ਇਸ ਦਫਤਰ ਵਿੱਚ ਸਹਾਇਕ ਡਾਇਰੈਕਟਰ (ਸ.ਪ੍ਰ-1) ਕੋਲ, ਇਸ ਪੱਤਰ ਦੀ ਪ੍ਰਾਪਤੀ ਤੋਂ ਇੱਕ ਹਫਤੇ ਦੇ ਅੰਦਰ ਅੰਦਰ ਅਜਿਹਾ ਕਰ ਸਕਦੀ ਹੈ , ਪਰੰਤੂ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਉਸ ਨੂੰ ਕੇਵਲ ਉਹੀ ਰਿਕਾਰਡ ਵਿਖਾਇਆ ਜਾਵੇਗਾ ਜੋ ਉਪਰੋਕਤ ਅਧਿਕਾਰੀ ਦੇ ਦਫਤਰ ਵਿੱਚ ਉਪਲਬਧ ਹੋਵੇਗਾ ਅਤੇ ਜਿਸ ਦਾ ਸਿੱਧਾ ਸੰਬੰਧ ਉਸ ਵਿਰੁੱਧ ਲੱਗੇ ਦੋਸ਼ਾਂ ਨਾਲ ਹੋਵੇਗਾ । ਜੇਕਰ ਉਕਤ ਅਧਿਕਾਰੀ ਦੀ ਰਾਏ ਵਿੱਚ ਕੋਈ ਰਿਕਾਰਡ ਵਿਖਾਉਣਾ ਲੋਕ ਹਿਤ ਵਿੱਚ ਨਹੀਂ ਹੋਵੇਗਾ ਤਾਂ ਅਜਿਹਾ ਰਿਕਾਰਡ ਵਿਖਾਉਣ ਤੋਂ ਨਾਂਹ ਕੀਤੀ ਜਾ ਸਕਦੀ ਹੈ । ਜੇਕਰ ਕੋਈ ਹੋਰ ਰਿਕਾਰਡ, ਜੋ ਉਕਤ ਅਧਿਕਾਰੀ ਦੇ ਦਫਤਰ ਵਿੱਚ ਉਪਲਬਧ ਨਾ ਹੋਵੇ, ਵੇਖਣਾ ਚਾਹੇ ਤਾਂ ਅਜਿਹੇ ਰਿਕਾਰਡ ਨੂੰ ਵੇਖਣ ਦਾ ਪ੍ਰਬੰਧ ਉਸ ਨੂੰ ਆਪ ਕਰਨਾ ਹੋਵੇਗਾ । ਐਪਰ, ਉਸ ਦਾ ਸੰਬੰਧਤ ਰਿਕਾਰਡ ਨੂੰ ਨਾ ਵੇਖਣਾ, ਉਸ ਦੇ ਲਿਖਤੀ ਜਵਾਬ ਦੇਰ ਨਾਲ ਦੇਣ ਦਾ ਯੋਗ ਕਾਰਨ ਨਹੀਂ ਮੰਨਿਆ ਜਾਵੇਗਾ । ਲਿਖਤੀ ਜਵਾਬ, ਜੇਕਰ ਕੋਈ ਹੋਵੇ, ਨਿਸ਼ਚਿਤ ਸਮੇਂ ਅੰਦਰ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਵਿਰੁੱਧ ਲੱਗੇ ਦੋਸ਼ਾਂ ਨੂੰ ਮੰਨਦੀ ਹੈ ਅਤੇ ਆਪਣੀ ਸਫਾਈ. ਵਿੱਚ ਕੁਝ ਨਹੀਂ ਕਹਿਣਾ ਚਾਹੁੰਦੀ ਅਤੇ ਕੇਸ ਦਾ ਫੈਸਲਾ ਗੁਣ-ਦੋਸ਼ਾਂ ਦੇ ਅਧਾਰ ਤੇ ਕਰ ਦਿੱਤਾ ਜਾਵੇਗਾ । ਜੇਕਰ ਉਹ ਆਪਣੀ ਸਫਾਈ ਵਿੱਚ ਕੋਈ ਜਵਾਬ ਦੇਣਾ ਚਾਹੁੰਦਾ ਹੈ ਤਾਂ ਅਜਿਹਾ ਜਵਾਬ ਲਿਖਤੀ ਤੋਰ ਤੇ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਰਾਹੀਂ ਸਹੀ ਕਰਤਾ ਨੂੰ, ਇਸ ਪੱਤਰ ਦੀ ਪ੍ਰਾਪਤੀ ਦੇ 21 ਦਿਨਾਂ ਦੇ ਅੰਦਰ ਅੰਦਰ ਭੇਜਿਆ ਜਾਵੇ ਅਤੇ ਦਿੱਤੇ ਗਏ ਜਵਾਬ ਦੀ ਇੱਕ ਕਾਪੀ ਸਿੱਧੇ ਤੋਰ ਤੇ ਸਹੀ ਕਰਤਾ ਨੂੰ ਭੇਜੀ ਜਾਵੇ । ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:),
ਪੰਜਾਬ ।

ਰਜਿ: ਸ਼੍ਰੀ ਤਿਲਕ ਰਾਜ, ਲੈਕਚਰਾਰ ਅੰਗਰੇਜੀ,
ਸ.ਸ.ਸ.ਸ. ਤਲਵਾੜਾ-1, ਜਿਲਾ ਹੁਸਿਆਰਪੁਰ ।

ਪਿੱਠ ਅੰਕਣ ਨੰ: ਉਕਤ ਮਿਤੀ, ਐਸ.ਏ.ਐਸ. ਨਗਰ :28/10/14

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ :

1 ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਹੁਸਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸ਼੍ਰੀ ਤਿਲਕ ਰਾਜ, ਲੈਕਚਰਾਰ ਅੰਗਰੇਜੀ, ਸ.ਸ.ਸ.ਸ. ਤਲਵਾੜਾ-1, ਜਿਲਾ ਹੁਸਿਆਰਪੁਰ ਤੋਂ ਨਿਸ਼ਚਿਤ ਸਮੇਂ ਅੰਦਰ ਜਵਾਬ ਪ੍ਰਾਪਤ ਕਰਕੇ ਆਪਣੀ ਟਿੱਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ ।

2. ਪ੍ਰਿੰਸੀਪਲ, ਸ.ਸ.ਸ.ਸ. ਤਲਵਾੜਾ-1, ਜਿਲਾ ਹੁਸਿਆਰਪੁਰ ਇਸ ਦੋਸ਼ ਸੂਚੀ ਦੀ ਕਾਪੀ ਸਬੰਧਤ ਨੂੰ ਸਰਵ ਕਰਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ।

## ਦੋਸ਼ ਸੂਚੀ

ਸ਼੍ਰੀ ਤਿਲਕ ਰਾਜ, ਲੈਕਚਰਾਰ ਅੰਗਰੇਜੀ, ਸ.ਸ.ਸ.ਸ. ਤਲਵਾੜਾ-1, ਜਿਲਾ ਹੁਸਿਆਰਪੁਰ ਵਿਰੁੱਧ ਦੋਸ਼ ਹੈ ਕਿ ਉਸ ਵੱਲੋਂ ਸ਼ੈਸਨ 2012-13 ਦੌਰਾਨ 10+2 ਦੇ ਵਿਦਿਆਰਥੀਆਂ ਕੋਲੋ ਵੱਧ ਰਾਸ਼ੀ ਵਸੂਲੀ ਹੈ ਅਤੇ ਸਕੂਲ ਦਾ ਮਹੌਲ / ਅਕਸ਼ ਖਰਾਬ ਕੀਤਾ ਹੈ । ਇਸ ਤਰਾਂ ਕਰਕੇ ਆਪਣੇ ਆਪ ਨੂੰ ਪੰਜਾਬ ਸਿਵਲ ਸੇਵਾਂਵਾਂ (ਦੰਡ ਅਤੇ ਅਪੀਲ) ਦੇ ਨਿਯਮ 8 ਅਧੀਨ ਮੇਜਰ ਸਜਾ ਦਾ ਭਾਗੀ ਬਣਾਇਆ ਹੈ ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ।

## ਦੋਸ਼ ਵਿਵਰਣ

ਸ਼੍ਰੀ ਤਿਲਕ ਰਾਜ ਲੈਕਚਰਾਰ ਅੰਗਰੇਜੀ, ਸ.ਸ.ਸ.ਸ ਤਲਵਾੜਾ-1 ਜਿਲ੍ਹਾ ਹੁਸ਼ਿਆਰਪੁਰ ਵਿਰੁੱਧ ਦੋਸ਼ ਹੈ ਕਿ ਉਸ ਵਲੋਂ ਵਿਦਿਅਕ ਸੈਸ਼ਨ 2012-13 ਦੌਰਾਨ 10+2 ਆਰਟਸ ਦੇ ਵਿਦਿਆਰਥੀਆ ਤੋਂ ਸਰਕਾਰੀ ਰੇਟਾਂ ਤੋਂ ਵੱਧ ਰਾਸ਼ੀ ਵਸੂਲੀ ਗਈ । ਜਿਸ ਸਬੰਧੀ ਸਕੂਲ ਦੇ ਸਬੰਧਤ ਕਲਾਸ ਦੇ ਵਿਦਿਆਰਥੀਆਂ ਵਲੋਂ ਮਿਤੀ 26-02-2013 ਨੂੰ ਸਕੂਲ ਪ੍ਰਿੰਸੀਪਲ ਨੂੰ ਲਿਖਤੀ ਰੂਪ ਵਿੱਚ ਇਸ ਸਬੰਧੀ ਦੱਸਿਆ ਗਿਆ ਹੈ , ਅੱਗੇ ਪ੍ਰਿੰਸਪਲ ਵਲੋਂ ਪੱਤਰ ਨੰ 517 /13 ਮਿਤੀ 26-04-2013 ਰਾਂਹੀ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ) ਹੁਸਿਆਰਪੁਰ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਗਿਆ ਹੈ । ਉਸ ਸਬੰਧੀ ਪ੍ਰਿੰਸੀਪਲ ਵਲੋਂ ਮੰਗੇ ਗਏ ਸਪਸ਼ਟੀਕਰਨ ਦੇ ਉੱਤਰ ਵਿੱਚ ਇਸ ਕਰਮਚਾਰੀ ਵੱਲੋਂ ਸਾਰੀ ਕਲਾਸ ਦੇ 66 ਵਿਦਿਆਰਥੀਆਂ ਦੇ ਜਾਅਲੀ ਦਸਤਖਤ ਕਰਕੇ ਇਕ ਫੋਟੋ ਸਟੇਟ ਕਾਪੀ ਸ਼੍ਰੀ ਜਪਿੰਦਰ ਕੁਮਾਰ, ਲੈਕਚਰਾਰ ਫਿਜਿਕਸ ਦੇ ਹੱਥ ਪ੍ਰਿੰਸੀਪਲ ਨੂੰ ਦਿੱਤੀ ਗਈ । ਜਿਸ ਵਿੱਚ ਇਸ ਨੇ ਇਹ ਸਿੱਧ ਕੀਤਾ ਕਿ ਉਸਨੇ ਵਿਦਿਆਰਥੀਆਂ ਤੋਂ ਜੋ ਵੱਧ ਪੈਸੇ ਲਏ ਸਨ ਉਹ ਵਿਦਿਆਰਥੀਆਂ ਨੇ ਮੁੜ ਪ੍ਰਾਪਤ ਕਰ ਲਏ ਹਨ। ਇਸ ਸਬੰਧੀ ਸਕੂਲ ਪ੍ਰਿੰਸੀਪਲ ਵਲੋਂ ਜਦੋ ਕੁਝ ਵਿਦਿਆਰਥੀਆ ਤੋਂ ਪਤਾ ਕੀਤਾ ਤਾਂ ਉਨ੍ਹਾ ਨੇ ਪ੍ਰਿੰਸੀਪਲ ਨੂੰ ਲਿਖਤੀ ਰੂਪ ਵਿੱਚ ਦੱਸਿਆ ਕਿ ਤਿਲਕ ਰਾਜ ਨੇ ਸਾਡੇ ਜਾਅਲੀ ਦਸਤਖਤ ਕਰਕੇ ਬੇਨਤੀ ਪੱਤਰ ਪ੍ਰਿੰਸੀਪਲ ਨੂੰ ਦਿੱਤਾ ਹੈ। ਉਸ ਨੇ ਵਿਦਿਆਰਥੀਆਂ ਨੂੰ ਕੋਈ ਪੈਸਾ ਵਾਪਿਸ ਨਹੀ ਕੀਤਾ ।

ਇਸ ਤਰਾਂ ਕਰਕੇ ਇੱਕ ਅਧਿਆਪਕ ਹੋਣ ਦੇ ਨਾਤੇ ਆਪ ਨੇ ਨਾ ਕੇਵਲ ਆਪਣੀ ਡਿਊਟੀ ਵਿੱਚ ਕੁਤਾਹੀ ਕੀਤੀ ਹੈ ਸਗੋਂ ਬੱਚਿਆਂ ਦੀ ਪੜਾਈ ਦਾ ਵੀ ਨੁਕਸਾਨ ਕੀਤਾ ਹੈ ਅਤੇ ਸਕੂਲ ਦੇ ਅਕਸ਼ / ਮਹੌਲ ਨੂੰ ਵੀ ਖਰਾਬ ਕੀਤਾ ਹੈ। ਇਸ ਤਰਾਂ ਕਰਕੇ ਕਰਕੇ ਆਪਣੇ ਆਪ ਨੂੰ ਪੰਜਾਬ ਸਿਵਲ ਸੇਵਾਵਾਂ ( ਦੰਡ ਤੇ ਅਪੀਲ) 1970 ਦੇ ਨਿਯਮ 8 ਅਧੀਨ ਮੇਜਰ ਸਜਾ ਦਾ ਭਾਗੀ ਬਣਾਇਆ ਹੈ ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ।

## ਗਵਾਹਾਂ ਦੀ ਸੂਚੀ

1. ਸਬੰਧਤ ਸੁਪਰਡੰਟ /ਡੀਲਿੰਗ ਸਹਾਇਕ ਦਫਤਰ ਜਿਲਾ ਸਿੱਖਿਆ ਅਫਸਰ(ਸੈ:ਸਿ:) ਹੁਸਿਆਰਪੁਰ।
2. ਪ੍ਰਿੰਸੀਪਲ ਸ.ਸ.ਸ.ਸ. ਤਲਵਾੜਾ-1 (ਹੁਸਿਆਰਪੁਰ) ।
3. ਸ੍ਰੀ ਜਪਿੰਦਰ ਕੁਮਾਰ, ਲੈਕਚਰਾਰ ਫਿਜੀਕਸ, ਸਸਸਸ ਤਲਵਾੜਾ-1 ( ਹੁਸਿਆਰਪੁਰ) ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ।

## ਦਸਤਾਵੇਜਾਂ ਦੀ ਸੂਚੀ

1. ਪੱਤਰ ਨੰਬਰ : 962/13, ਮਿਤੀ 18-03-2013 / 517/13, ਮਿਤੀ 26-04-2013 / 456/13, ਮਿਤੀ 6-3-2013 ਅਤੇ 1043/14, ਮਿਤੀ 28-10-2014 ਦਫਤਰ ਪ੍ਰਿੰਸੀਪਲ,ਸ.ਸ.ਸ.ਸ. ਤਲਵਾੜਾ-1 ( ਹੁਸਿਆਰਪੁਰ) ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ।